ਰੋਜ਼ਾਨਾ ਅਜੀਤ, ਜਲੰਧਰ

ਬੁੱਧਵਾਰ, 30 ਜੂਨ 2010

# ਇਵਾਨਾ ਤੇ ਟੈਕਸਟਾਇਲ ਅਦਾਰੇ 'ਚ ਸਮਝੌਤਾ

ਲੁਧਿਆਣਾ, 29 ਜੂਨ (ਨਿੱਝਰ)-ਇਵਾਨਾ ਇੰਸਟੀਚਿਊਟ ਆਫ਼ ਫੈਸ਼ਨ ਤਕਨਾਲੋਜੀ ਅਤੇ ਗੌਰਮਿੰਟ ਇੰਸਟੀਚਿਊਟ ਆਫ਼ ਟੈਕਸਟਾਇਲ ਕੈਮਿਸਟਰੀ ਐਂਡ ਨਿਟਿੰਗ ਤਕਨਾਲੋਜੀ ਨੇ ਆਪਸ ਵਿਚ ਇਕ ਸਮਝੌਤਾ ਕੀਤਾ ਹੈ। ਦੋਵਾਂ ਅਦਾਰਿਆਂ 'ਚ ਹੋਏ ਸਮਝੌਤੇ ਅਨੁਸਾਰ ਤਕਨੀਕੀ ਸਿੱਖਿਆ ਦੇ ਮਾਮਲੇ 'ਚ ਦੋਵੇਂ ਅਦਾਰੇ ਸਾਂਝੇ ਸੈਮੀਨਾਰ ਤੇ ਸਾਂਝੀਆਂ ਵਰਕਸ਼ਾਪਾਂ ਕਰਵਾਇਆ ਕਰਨਗੇ ਤਾਂ ਕਿ ਨਵੀਆਂ ਨਵੀਆਂ ਖੋਜਾਂ ਨੂੰ ਹੋਰ ਵੀ ਆਸਾਨ ਬਣਾਇਆ ਜਾ ਸਕੇ। ਇਸ ਸਮਝੌਤੇ ਅਧੀਨ ਇਵਾਨਾ ਦੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਨਅਤੀ ਇਕਾਈਆਂ 'ਚ ਵੀ ਲਿਜਾਇਆ ਜਾਇਆ ਕਰੇਗਾ ਤਾਂ ਕਿ ਵਿਦਿਆਰਥੀਆਂ ਨੂੰ ਨਵੀਨਤਮ ਸਿੱਖਿਆ ਦੇ ਕੇ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਇਸ ਸਮਝੌਤੇ 'ਤੇ ਗੌਰਮਿੰਟ ਇੰਸਟੀਚਿਊਟ ਦੇ ਡਾ: ਐਨ. ਐਸ. ਭੁੱਲਰ ਅਤੇ ਇਵਾਨਾ ਦੀ ਨਿਰਦੇਸ਼ਕਾ ਮਨਮੀਤ ਸੋਢੀਆ ਨੇ ਦਸਤਖ਼ਤ ਕੀਤੇ।